# ਦਫ਼ਤਰ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

**ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।**

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਅੰਮ੍ਰਿਤਸਰ, ਫਿਰੋਜਪੁਰ, ਗੁਰਦਾਸਪੁਰ,
ਲੁਧਿਆਣਾ ਅਤੇ ਤਰਨ ਤਾਰਨ,

ਮੀਮੋ ਨੰ:SSA/RS/2010-11/15238-15242
ਮਿਤੀ, ਚੰਡੀਗੜ੍ਹ:02.02.2011

**ਵਿਸ਼ਾ:** **ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਸਲਾਨਾ ਪਲਾਨ 2010-11 ਅਧੀਨ ਅੱਪਰ ਪ੍ਰਾਇਮਰੀ ਪੱਧਰ ਦੇ ਲੜਕਿਆਂ ਲਈ 05 Residential Schoools ਖੋਲ੍ਹਣ ਸਬੰਧੀ।**

**1.0** ਆਪ ਸਭ ਦੀ ਜਾਣਕਾਰੀ ਹਿੱਤ ਲਿਖਿਆ ਜਾਂਦਾ ਹੈ ਕਿ RTE Act, 2009 ਅਧੀਨ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵੱਲੋਂ ਸਪਲੀਮੈਂਟਰੀ ਪਲਾਨ 2010-11 ਤਿਆਰ ਕਰਕੇ ਭਾਰਤ ਸਰਕਾਰ ਨੂੰ ਭੇਜੀ ਗਈ ਸੀ। ਇਸ ਪਲਾਨ ਵਿਚ ਆਪ ਦੇ ਜ਼ਿਲ੍ਹੇ ਲਈ ਇੱਕ-ਇੱਕ Residential School ਮੰਜ਼ੂਰ ਹੋਇਆ ਹੈ। Residential Schoools ਅਤੇ ਉਨ੍ਹਾਂ ਦੀਆਂ ਤਜਵੀਜਤ ਥਾਂਵਾਂ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਅਨੁਸਾਰ ਹੈ:

| ਲੜੀ ਨੰਬਰ | ਜ਼ਿਲ੍ਹਾ | ਤਜਵੀਜਤ ਥਾਂਵਾਂ |
|---|---|---|
| 1 | ਅੰਮ੍ਰਿਤਸਰ | ਸਰਕਾਰੀ ਐਲੀਮੈਂਟਰੀ ਸਕੂਲ, ਕਰਮਪੁਰਾ, ਰਣਜੀਤ ਐਵਨੀਯੂ ਸੀ-ਬਲਾਕ, ਅੰਮ੍ਰਿਤਸਰ |
| 2 | ਫਿਰੋਜਪੁਰ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਫਿਰੋਜਪੁਰ |
| 3 | ਗੁਰਦਾਸਪੁਰ | ਸਰਕਾਰੀ ਪ੍ਰਾਇਮਰੀ ਸਕੂਲ ਸੇਖਵਾਂ, ਬਲਾਕ ਕਾਹਨੂੰਵਾਨ-2 |
| 4 | ਲੁਧਿਆਣਾ | ਐਮ.ਆਈ.ਜੀ. ਫਲੈਟ, ਸੈਕਟਰ-32, ਨੇੜੇ ਵਰਦਮਾਨ ਲਿਮਿਟੀਡ, ਚੰਡੀਗੜ੍ਹ ਰੋਡ, ਲੁਧਿਆਣਾ |
| 5 | ਤਰਨ ਤਾਰਨ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਟੀ, ਬਲਾਕ ਪੱਟੀ |

**2.0** ਇਨ੍ਹਾਂ Residential Schoools ਲਈ ਸਾਲ 2010-11 ਲਈ ਮਨਜ਼ੂਰ ਹੋਈ ਗ੍ਰਾਂਟ ਦਾ ਵੇਰਵਾ ਨਿਮਨ ਲਿਖਿਤ ਹੈ:

**(Rs. in lacs)**

| S. No. | Activity | Unit Cost | Amritsar | Ferozepur | Gurdaspur | Ludhiana | Tarn Taran |
|---|---|---|---|---|---|---|---|
| 1 | **Non-recurring (one time grant)** | | | | | | |
| | Furniture / Equipment (including kitchen equipment) | 3.000 | 3.000 | 3.000 | 3.000 | 3.000 | 3.000 |
| | TLM and equipment including library books | 3.500 | 3.500 | 3.500 | 3.500 | 3.500 | 3.500 |
| | Bedding | 0.750 | 0.750 | 0.750 | 0.750 | 0.750 | 0.750 |
| | **Sub Total Non-recurring** | | **7.250** | **7.250** | **7.250** | **7.250** | **7.250** |
| 2 | **Recurring** | | | | | | |
| | Maintenance per Student Per month@Rs.900/- | 10.800 | 2.700 | 2.700 | 2.700 | 2.700 | 2.700 |
| | Stipend per Student per month @ Rs.50/- | 0.600 | 0.150 | 0.150 | 0.150 | 0.150 | 0.150 |
| | Course books / Stationery and etc.@ Rs.50 per month | 0.600 | 0.150 | 0.150 | 0.150 | 0.150 | 0.150 |
| | Examination Fee | 0.020 | 0.005 | 0.005 | 0.005 | 0.005 | 0.005 |
| | Salaries | 8.000 | 2.000 | 2.000 | 2.000 | 2.000 | 2.000 |
| | Vocational training / specific skill trg | 0.500 | 0.125 | 0.125 | 0.125 | 0.125 | 0.125 |
| | Electricity / water charges | 1.600 | 0.150 | 0.150 | 0.150 | 0.150 | 0.150 |
| | Medical care/contingencies | 0.750 | 0.188 | 0.188 | 0.188 | 0.188 | 0.188 |
| | Miscellaneous | 0.400 | 0.100 | 0.100 | 0.100 | 0.100 | 0.100 |
| | Maintenance | 0.400 | 0.100 | 0.100 | 0.100 | 0.100 | 0.100 |
| | Preparatory camps | 0.150 | 0.038 | 0.038 | 0.038 | 0.038 | 0.038 |
| | P.T.A / school functions | 0.150 | 0.038 | 0.038 | 0.038 | 0.038 | 0.038 |
| | Provision of Rent | 4.800 | 1.200 | 1.200 | 1.200 | 1.200 | 1.200 |
| | Capacity Building | 0.300 | 0.075 | 0.075 | 0.075 | 0.075 | 0.075 |
| | **Sub Total Recurring** | | **7.018** | **7.018** | **7.018** | **7.018** | **7.018** |
| | **Total - Residential Schools** | | **14.268** | **14.268** | **14.268** | **14.268** | **14.268** |

3.0 ਇਹ residential schools 6th - 8th ਦੇ boys ਲਈ ਹੋਣਗੇ।

4.0 ਇਹ Residential facility ਤਜਵਿਜ਼ਿਤ ਸਕੂਲਾਂ ਦੇ ਅੰਦਰ ਜਾਂ ਨਾਲ ਹੀ ਮੁਹੱਈਆ ਕੀਤੀ ਜਾਵੇਗੀ।

5.0 ਸਰਵ ਸਿੱਖਿਆ ਅਭਿਆਨ, ਪੰਜਾਬ ਅਧੀਨ ਸਥਾਪਿਤ ਕੀਤੇ ਜਾਣ ਵਾਲੇ 05 Residential Schools ਲਈ ਕੁੱਝ ਵਿਸ਼ੇਸ਼ ਹਦਾਇਤਾਂ ਹੇਠ ਅਨੁਸਾਰ ਹਨ:

(ੳ) ਹਰੇਕ ਹੋਸਟਲ 6th - 8th class ਦੇ 100 ਲੜਕਿਆਂ (boys) ਦੀ capacity ਲਈ ਤਿਆਰ ਕੀਤਾ ਜਾਵੇਗਾ।

(ਅ) ਇਨ੍ਹਾਂ ਹੋਸਟਲਜ਼ ਦੀ ਪੱਕੀ ਬਿਲਡਿੰਗ/ ਪਰਮਾਨੈਂਟ ਹੋਸਟਲ ਲਈ ਘੱਟ ਤੋਂ ਘੱਟ 12800 sq ft (160x80 sq ft.) ਥਾਂ ਦੀ ਜ਼ਰੂਰਤ ਹੋਵੇਗੀ।

(ੲ) ਪਰਮਾਨੈਂਟ ਹੋਸਟਲਜ਼ ਦੀ ਬਿਲਡਿੰਗ construct ਕਰਨ ਲਈ ਫੰਡਜ਼ ਭਾਰਤ ਸਰਕਾਰ ਵੱਲੋਂ ਉਦੋਂ ਮੁਹੱਈਆ ਕੀਤੇ ਜਾਣਗੇ ਜੇਕਰ ਵਰਤਮਾਨ ਸਾਲ ਦੌਰਾਨ ਅਸਥਾਈ (temporary) ਹੋਸਟਲ operative ਹੋ ਜਾਂਦੇ ਹਨ। ਇਸ ਦੇ ਮੱਦੇਨਜ਼ਰ ਵਰਤਮਾਨ ਸਾਲ 2010-11 ਦੌਰਾਨ temporary Hostel ਦਾ ਪੂਰਾ ਪ੍ਰਬੰਧ ਕਰਕੇ ਉਥੇ ਅੱਪਰ ਪ੍ਰਾਇਮਰੀ ਪੱਧਰ ਦੇ 100 ਲੜਕਿਆਂ (boys) ਨੂੰ enroll ਕਰਨਾ ਲਾਜ਼ਮੀ ਹੋਵੇਗਾ।

(ਸ) Temporary ਹੋਸਟਲ ਸਥਾਪਿਤ ਕਰਨ ਲਈ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਇਨ੍ਹਾਂ ਦੀ location residential schools ਲਈ ਤਜਵੀਜਤ ਥਾਂਵਾਂ ਦੇ ਨੇੜੇ ਤੇੜੇ ਹੀ ਹੋਵੇ।

(ਹ) Temporary ਹੋਸਟਲ ਬਿਲਡਿੰਗ ਦਾ ਪ੍ਰਬੰਧ ਕਰਨ ਉਪਰੰਤ ਉੱਥੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਯੋਗ 100 ਲੜਕਿਆਂ ਨੂੰ ਹੇਠ ਲਿਖੇ criteria ਦੇ ਆਧਾਰ ਤੇ enroll ਕਰਨਾ ਹੋਵੇਗਾ।

(i) ਸਕੂਲਾਂ ਵਿਚ ਦਾਖਲ 6 ਤੋਂ 8 ਜਮਾਤਾਂ ਦੇ ਲੜਕੇ ਜੋ ਦੂਰ-ਦੁਰਾਡੇ ਦੇ ਪਿੰਡਾਂ ਤੋਂ ਆਉਂਦੇ ਹਨ।

(ii) ਸਕੂਲਾਂ ਵਿਚ ਦਾਖਲ 6 ਤੋਂ 8 ਜਮਾਤਾਂ ਦੇ ਲੜਕੇ ਜਿਨ੍ਹਾਂ ਦੇ ਘਰ ਦੇ ਹਾਲਾਤ ਮਾੜੇ ਹਨ।

(iii) ਡਰਾਪ ਆਊਟ ਲੜਕੇ ਜਿਨ੍ਹਾਂ ਨੇ 6 ਤੋਂ 8 ਜਮਾਤਾਂ ਦੀ ਪੜ੍ਹਾਈ ਇਸ ਲਈ ਛੱਡ ਦਿੱਤੀ ਕਿਉਂਕਿ ਉਹਨਾਂ ਨੂੰ ਸਕੂਲ ਬਹੁਤ ਦੂਰ ਪੈਂਦਾ ਸੀ ਅਤੇ ਹਾਸਟਲ ਦੀ ਸੁਵਿਧਾ ਪਹਿਲਾਂ ਉਪਲੱਬਧ ਨਹੀਂ ਸੀ।

6.0 ਇਨ੍ਹਾਂ temporary ਹੋਸਟਲਜ਼ ਨੂੰ ਸਾਲ 2010-11 ਦੌਰਾਨ operationalize ਕਰਨ ਹਿੱਤ ਸਪਲੀਮੈਂਟਰੀ ਪਲਾਨ ਵਿਚ ਨਾੱਨ-ਰੈਕਰਿੰਗ ਅਤੇ ਰੈੱਕਰਿੰਗ ਹੈੱਡਜ਼ ਅਧੀਨ ਵੱਖ-ਵੱਖ ਗਤੀਵਿਧੀਆਂ ਲਈ ਫੰਡਜ਼ ਦਿੱਤੇ ਗਏ ਹਨ ਜਿਨ੍ਹਾਂ ਦਾ ਵੇਰਵਾ **ਪੁਆਇੰਟ** 2 ਤੇ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਇਨ੍ਹਾਂ ਫੰਡਾਂ ਦੀ ਵਰਤੋਂ ਬਾਰੇ ਹਦਾਇਤਾਂ ਹੇਠ ਅਨੁਸਾਰ ਹਨ:

ੳ) **ਸਾਲ 2010-11 ਲਈ Residential Schoools ਲਈ ਨਾਨ-ਰੈਕਰਿੰਗ ਗ੍ਰਾਂਟ ਦੀ ਵਰਤੋਂ ਬਾਰੇ:**

i) **Furniture/Equipment (including Kitchen Equipment) @ Rs. 3.00 lac per hostel:**

ਇਸ ਗ੍ਰਾਂਟ ਦੀ ਵਰਤੋਂ ਫਰਨੀਚਰ ਜਿਵੇਂ ਕਿ ਬੈੱਡ, ਕੁਰਸੀ, ਮੇਜ, ਰਸੋਈ ਦੇ ਬਰਤਨ, ਗੈਸ ਚੁਲਾ, ਸਿਲੰਡਰ ਆਦਿ ਖਰੀਦਣ ਲਈ ਕੀਤੀ ਜਾਣੀ ਹੈ।

ii) **TLM and Equipment including Library Books @ Rs. 3.5 lac per hostel:**

ਇਸ ਗ੍ਰਾਂਟ ਦੀ ਵਰਤੋਂ TLM ਅਤੇ ਲਾਇਬ੍ਰੇਰੀ ਕਿਤਾਬਾਂ ਲਈ ਕੀਤੀ ਜਾਣੀ ਹੈ।

iii) **Bedding @ Rs. 75,000/- per hostel:**

ਇਸ ਗ੍ਰਾਂਟ ਦੀ ਵਰਤੋਂ ਲੜਕਿਆ ਦੇ ਬਿਸਤਰੇ ਖਰੀਦਣ ਲਈ ਕੀਤੀ ਜਾਣੀ ਹੈ।

ਅ) **ਸਾਲ 2010-11 ਲਈ Residential Schoools ਲਈ ਰੈਕਰਿੰਗ ਗ੍ਰਾਂਟ ਦੀ ਵਰਤੋਂ ਬਾਰੇ:**

ਸਾਲ 2010-11 ਲਈ ਰੈਕਰਿੰਗ ਗ੍ਰਾਂਟੇ ਲਈ ਗਤੀਵਿਧੀ ਅਨੁਸਾਰ ਗਾਈਡਲਾਈਨਜ਼ ਹੇਠ ਲਿਖੇ ਅਨੁਸਾਰ ਹਨ:

i) **Maintenance @ Rs. 900/- per child per month :**

ਇਹ ਰਾਸ਼ੀ ਲੜਕਿਆਂ ਦੇ ਖਾਣਪੀਣ ਦੇ ਸਮਾਨ ਅਤੇ ਯੁਨੀਫਾਰਮ ਲਈ ਵਰਤੀ ਜਾਣੀ ਹੈ। ਇਸ ਰਾਸ਼ੀ ਵਿਚੋਂ 1200/- ਰੁਪਏ ਪ੍ਰਤੀ ਲੜਕਾ ਯੂਨੀਫਾਰਮ (once in a year) ਖਰੀਦਣ ਲਈ ਖਰਚੀ ਜਾਣੀ ਹੈ।

ii) **Stipend @ Rs. 50/- per student per month:**

ਨੇੜਲੇ nationalized banks ਵਿਚ ਲੜਕਿਆਂ ਦੇ saving account ਖੁਲਵਾ ਕੇ 50 ਰੁਪਏ ਪ੍ਰਤੀ ਮਹੀਨੇ ਉਹਨਾਂ ਦੇ ਖਾਤੇ ਵਿੱਚ ਜਮ੍ਹਾਂ ਕਰਵਾਏ ਜਾਣਗੇ ਅਤੇ ਹੋਸਟਲ ਛੱਡਣ ਤੇ ਉਹਨਾਂ ਨੂੰ ਇਹ ਰਾਸ਼ੀ ਦਿੱਤੀ ਜਾਵੇਗੀ।

**ii) Course Books/Stationery @ Rs. 50/- per month :**

ਇਹ ਰਾਸ਼ੀ ਹੋਸਟਲ ਵਿੱਚ ਰਹਿ ਰਹੇ ਲੜਕਿਆਂ (boys) ਨੂੰ ਸਟੇਸ਼ਨਰੀ (ਨੋਟ ਬੁੱਕ, ਪੈਨਸਿਲ,ਪੈਨ, ਜਮੈਟਰੀ ਬੋਕਸ) ਅਤੇ ਹੋਰ ਸਿੱਖਿਆ ਨਾਲ ਸਬੰਧਤ ਮੈਟੀਰੀਅਲ ਦੇਣ ਹਿੱਤ ਵਰਤੀ ਜਾਵੇਗੀ।

**iv) Examination fee ( Rs. 500/- per hostel) :**

ਐਗਜ਼ੈਮੀਨੇਸ਼ਨ ਫੀਸ ਜੇ ਕੋਈ ਹੋਵੇ ਤਾਂ ਇਸ ਲਈ 500 ਰੁਪਏ ਪ੍ਰਤੀ hostel ਦੀ ਰਾਸ਼ੀ ਪ੍ਰਵਾਨਿਤ ਹੈ।

**iv) Salaries ( Rs. 2.00 lacs per hostel):**

ਹੋਸਟਲ ਦੇ ਵਾਰਡਨ, ਅਕਾਊਟੈਂਟ, ਕੁੱਕ, ਹੈਲਪਰ, ਸਵੀਪਰ ਅਤੇ ਚੌਕੀਦਾਰ ਦਾ ਮਾਣਭੱਤਾ ਇਸ ਹੈੱਡ ਵਿੱਚੋਂ ਦਿੱਤਾ ਜਾਵੇਗਾ।

- ਵਾਰਡਨ ਅਤੇ ਅਕਾਊਟੈਂਟ ਦੀ ਨਿਯੁਕਤੀ ਸਰਵ ਸਿੱਖਿਆ ਅਭਿਆਨ ਦੇ ਸਟੇਟ ਦਫ਼ਤਰ ਵੱਲੋਂ ਕੀਤੀ ਜਾਵੇਗੀ।
- ਬਾਕੀ ਸਟਾਫ ਦੀ ਨਿਯੁਕਤੀ ਪਸਵਕ ਦੇ ਪੱਧਰ ਤੇ ਹੋਵੇਗੀ, ਜਿਸ ਸਬੰਧੀ ਦਿਸ਼ਾ ਨਿਰਦੇਸ਼ ਇਸ ਦਫਤਰ ਵੱਲੋਂ ਵੱਖਰੇ ਤੌਰ ਤੇ ਜਲਦ ਹੀ ਜਾਰੀ ਕੀਤੇ ਜਾਣਗੇ।

**v) Vocational Training (Rs. 12500/- per hostel):**

ਵੋਕੇਸ਼ਨਲ ਟ੍ਰੇਨਿੰਗ ਅਧੀਨ ਲੜਕਿਆਂ ਨੂੰ ਪੇਂਟਿੰਗ, ਸਿੰਗਿੰਗ, ਫਲਾਵਰ ਮੇਕਿੰਗ ਅਤੇ ਕੰਪਿਊਟਰ ਸਿੱਖਿਆ ਜਾਂ ਕੋਈ ਹੋਰ ਵੋਕੇਸ਼ਨਲ ਸਕਿੱਲਜ਼ ਸਿਖਾਏ ਜਾਣਗੇ।

**vi) Electricity and Water Charges (Rs. 15000/- per hostel) :**

ਇਸ grant ਵਿਚੋਂ ਪਾਣੀ ਅਤੇ ਬਿਜਲੀ ਦਾ ਖਰਚਾ ਕੀਤਾ ਜਾਵੇਗਾ।

**viii) Medical Care/ Contingencies (Rs. 18750 per hostel)**

- ਇਸ ਗਤੀਵਿਧੀ ਹੇਠ ਲੜਕਿਆਂ ਦਾ ਹਰ ਮਹੀਨੇ ਹੈਲਥ ਚੈਕਅੱਪ ਕਰਵਾਇਆ ਜਾਵੇਗਾ ਅਤੇ ਜੇ ਕੋਈ ਬਿਮਾਰੀ ਪਾਈ ਜਾਂਦੀ ਹੈ ਤਾਂ ਉਸ ਦਾ ਇਲਾਜ ਕਰਵਾਇਆ ਜਾਵੇਗਾ।
- ਲੜਕਿਆਂ ਦੇ ਹੈਲਥ ਕਾਰਡ ਬਣਵਾਏ ਅਤੇ ਮੈਨਟੇਨ ਕੀਤੇ ਜਾਣਗੇ।
- ਹੋਸਟਲ ਵਿੱਚ ਲੜਕਿਆਂ ਲਈ First Aid Kit ਰੱਖੀ ਜਾਵੇਗੀ।

**ix) Maintenance (Rs. 10000/- per hostel)**

ਹੋਸਟਲ ਦੀ ਕਿਸੇ ਤਰ੍ਹਾਂ ਦੀ ਮੁਰੰਮਤ ਜਾਂ ਮੇਨਟੈਨੱਸ ਦਾ ਖਰਚਾ ਇਸ ਹੈੱਡ ਵਿਚੋਂ ਕੀਤਾ ਜਾਵੇਗਾ।

x) **Miscellaneous (Rs. 10000/- per hostel)**

ਲੜਕਿਆਂ ਦੇ ਜਨਮ ਦਿਨ ਮਨਾਉਣਾ ਜਾਂ ਉਨ੍ਹਾਂ ਲਈ ਐਕਸਪੋਜ਼ਰ ਵਿਜ਼ਿਟ/excursions ਓਰਗੇਨਾਈਜ਼ ਕਰਨ ਆਦਿ ਦਾ ਖਰਚਾ ਇਸ ਹੈਡ ਵਿਚੋਂ ਕੀਤਾ ਜਾਵੇਗਾ।

xi) **Preparatory Camps (Rs. 3760 /- per hostel)**

ਲੜਕਿਆਂ ਲਈ ਪੇਪਰਾਂ ਤੋਂ ਇੱਕ ਮਹੀਨਾ ਪਹਿਲਾਂ Preparatory Camp's ਲਗਾਏ ਜਾਣਗੇ। ਲੜਕਿਆਂ ਨੂੰ ਲੋੜ ਅਨੁਸਾਰ ਜਿਹੜੇ ਵਿਸ਼ੇ ਵਿਚ ਉਹ ਕਮਜ਼ੋਰ ਹੋਣ ਉਸ ਵਿਸ਼ੇ ਦੀ ਤਿਆਰੀ ਕਰਵਾਈ ਜਾਵੇਗੀ ਅਤੇ ਉਨ੍ਹਾਂ ਦਾ ਟੈਸਟ ਲਿਆ ਜਾਵੇਗਾ।

xii) **Provision of Rent (@ Rs. 1.2 lac per hostel)**

ਇਸ ਗ੍ਰਾਂਟ ਅਧੀਨ ਹੋਸਟਲ ਲਈ ਅਸਥਾਈ ਬਿਲਡਿੰਗ ਦਾ ਪ੍ਰਬੰਧ ਕਿਰਾਏ ਤੇ ਕੀਤਾ ਜਾ ਸਕਦਾ ਹੈ।

xiii) **PTAs/School Functions (Rs. 3760/- per hostel)**

- ਹਰ ਮਹੀਨੇ ਲੜਕਿਆਂ ਦੇ ਮਾਤਾ ਪਿਤਾ ਨਾਲ ਇੱਕ ਮੀਟਿੰਗ ਰੱਖੀ ਜਾਵੇਗੀ। ਇਸ ਮੀਟਿੰਗ ਵਿਚ ਸਮੂਹ ਸਕੂਲ ਅਧਿਆਪਕਾਂ ਵੱਲੋਂ ਉਹਨਾਂ ਨੂੰ ਉਹਨਾਂ ਦੇ ਬਚਿੰਆਂ ਦੇ ਵਿਵਹਾਰ ਅਤੇ performance ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਨਾਲ ਹੀ ਬੱਚਿਆਂ ਨੂੰ ਆਪਣੇ ਮਾਤਾ ਪਿਤਾ ਨਾਲ ਚੰਗੀ ਤਰ੍ਹਾਂ ਮਿਲਣ ਅਤੇ ਗੱਲਬਾਤ ਕਰਨ ਦਾ ਮੌਕਾ ਦਿੱਤਾ ਜਾਵੇਗਾ।
- ਲੜਕਿਆਂ ਲਈ ਵੱਖ-ਵੱਖ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਜਾਣਗੀਆਂ ਅਤੇ best performers ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਨ੍ਹਾਂ functions ਵਿਚ ਬੱਚਿਆਂ ਦੇ parents ਨੂੰ ਵੀ ਸੱਦਿਆ ਜਾ ਸਕਦਾ ਹੈ।

xiv) **Capacity Building (Rs. 7500 per hostel)**

ਇਸ ਅਧੀਨ ਬੱਚਿਆਂ ਦੇ ਮਾਪੇ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਬੱਚਿਆਂ ਦੀ ਸਿੱਖਿਆ ਸਿਹਤ ਦੀ ਮਹੱਤਤਾ, gender equality, ਹੋਰ social issues ਅਤੇ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਵਾਇਆ ਜਾਵੇਗਾ। ਹੋਸਟਲ ਦੀਆਂ ਵਿਸ਼ੇਸ਼ਤਾਵਾਂ ਨਾਲ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਆਪਣੇ ਬਚਿੰਆਂ ਨੂੰ ਹੋਸਟਲ ਵਿਚ ਰੱਖ ਕੇ ਪੜ੍ਹਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।

**7.0** ਸਪਲੀਮੈਂਟਰੀ ਪਲਾਨ 2010-11 ਦੌਰਾਨ ਪ੍ਰਾਪਤ ਹੋਈ ਪ੍ਰਵਾਨਗੀ ਅਨੁਸਾਰ ਆਪਣੇ ਆਪਣੇ ਜ਼ਿਲ੍ਹਿਆਂ ਵਿਚ residential schools/hostel ਖੋਲ੍ਹਣ ਲਈ ਤੁਰੰਤ ਉਪਰਾਲੇ ਕੀਤੇ ਜਾਣ। ਇਸ ਸਬੰਧ ਵਿਚ ਲੋੜੀਂਦੇ ਫੰਡ ਆਪ ਜੀ ਨੂੰ ਬੜੀ ਛੇਤੀ ਮੁਹੱਈਆ ਕਰਵਾ ਦਿੱਤੇ ਜਾਣਗੇ।

**-ਸਹੀ-**
ਸਟੇਟ ਪ੍ਰੋਜੈਕਟ ਡਾਇਰੈਕਟਰ
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ,** ਚੰਡੀਗੜ੍ਹ

ਪਿੰਠ ਅੰਕਣ: SSA/RS/2010-11/15242-15247 ਮਿਤੀ:02.02.2011

ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅੰਮ੍ਰਿਤਸਰ, ਫਿਰੋਜਪੁਰ, ਗੁਰਦਾਸਪੁਰ, ਲੁਧਿਆਣਾ ਅਤੇ ਤਰਨ ਤਾਰਨ ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**-ਸਹੀ-**
ਸਟੇਟ ਪ੍ਰੋਜੈਕਟ ਡਾਇਰੈਕਟਰ
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ,** ਚੰਡੀਗੜ੍ਹ

ਪਿੰਠ ਅੰਕਣ:SSA/RS/2010-11/15248-15252 ਮਿਤੀ: 02.02.2011

ਉਤਾਰਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਫਿਰੋਜਪੁਰ, ਗੁਰਦਾਸਪੁਰ, ਲੁਧਿਆਣਾ ਅਤੇ ਤਰਨ ਤਾਰਨ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ Residential schools ਸਬੰਧੀ ਲੋੜੀਂਦੀ ਕਾਰਵਾਈ ਜਲਦ ਤੋਂ ਜਲਦ ਕਰਵਾਉਣ ਦੀ ਖੇਚਲ ਕੀਤੀ ਜਾਵੇ ਜੀ।

**-ਸਹੀ-**
ਸਟੇਟ ਪ੍ਰੋਜੈਕਟ ਡਾਇਰੈਕਟਰ
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ,** ਚੰਡੀਗੜ੍ਹ